NHS
Greater Glasgow
and Clyde

# ਫ੍ਰੀ ਈਵਨਿੰਗ ਵਿਜ਼ੀਟਰ ਟ੍ਰਾਂਸਪੋਰਟ ਸਰਵਿਸ

ਹਸਪਤਾਲੀ ਫੇਰਾ ਅਸਾਨ ਕੀਤਾ ਗਿਆ...

Punjabi

## ਸਾਡੀ ਵਚਨਬੱਧਤਾ

ਸਾਡਾ ਉਦੇਸ਼ ਹਸਪਤਾਲ ਵਿਖੇ ਸ਼ਾਮ ਦੀ ਮੁਫ਼ਤ ਮੁਲਾਕਾਤੀ ਪਰਿਵਹਨ ਸੇਵਾ ਪ੍ਰਦਾਨ ਕਰਨਾ ਹੈ ਜਿਹੜੀ ਕਿ ਸੱਭਤੋਂ ਉੱਚ ਮਿਆਰਾਂ ਨੂੰ ਪੂਰਾ ਕਰਦੀ ਹੋਵੇ। ਅਸੀਂ ਹੇਠਾਂ ਦਿੱਤੇ ਨੁਕਤਿਆਂ ਨੂੰ ਯਕੀਨੀ ਬਣਾਉਣ ਲਈ ਕੰਮ ਕਰਾਂਗੇ ਕਿ:

- **ਇਹ ਸੇਵਾ ਪੂਰੀ ਤਰ੍ਹਾਂ ਪਹੁੰਚਯੋਗ ਹੋਵੇ**
- **ਸਾਡੇ ਪਰਿਵਹਨ ਦਾ ਰੱਖ-ਰਖਾਵ ਸੱਭਤੋਂ ਉੱਚ ਮਿਆਰਾਂ ਵਾਲਾ ਹੋਵੇ**
- **ਤੁਸੀਂ ਆਪਣੇ ਠਿਕਾਣੇ ਤੇ ਸਮੇਂ ਤੇ ਪਹੁੰਚੋ**
- **ਸਾਰਾ ਸਟਾੱਫ ਮਿਲਣਸਾਰ ਹੋਵੇ ਅਤੇ ਤੁਹਾਡੇ ਨਾਲ ਆਦਰ ਨਾਲ ਪੇਸ਼ ਆਵੇ**

ਜੇਕਰ ਸਾਡੀ ਸੇਵਾ ਇਨ੍ਹਾਂ ਮਿਆਰਾਂ ਤੇ ਖਰੀ ਨਹੀਂ ਉਤਰਦੀ ਤਾਂ ਅਸੀਂ ਜਾਨਣਾ ਚਾਹਵਾਂਗੇ। ਤੁਸੀਂ **0141 778 2042** ਤੇ ਸੰਪਰਕ ਕਰਕੇ ਸੁਧਾਰਾਂ ਬਾਰੇ ਸਲਾਹ ਦੇ ਸਕਦੇ ਹੋ ਜਾਂ ਸ਼ਿਕਾਇਤ ਕਰ ਸਕਦੇ ਹੋ। ਇਸ ਤੋਂ ਅਲਾਵਾ ਤੁਸੀਂ ਇਨ੍ਹਾਂ ਨੂੰ ਲਿਖ ਸਕਦੇ ਹੋ :

**Mr Graham Dunn**
**c/o Strathclyde Partnership for Transport**
**Consort House**
**12 West George Street**
**Glasgow**
**G2 1HN**



ਭਾਵੇਂ ਸਾਡਾ ਉਦੇਸ਼ ਇਸ ਦਸ਼ਤੀ-ਇਸ਼ਤਿਹਾਰ ਵਿੱਚ ਦਿੱਤੇ ਸਾਰਿਆਂ ਹਸਪਤਾਲਾਂ ਤਾਈਂ ਪਰਿਵਹਨ ਸੇਵਾ ਪ੍ਰਦਾਨ ਕਰਨਾ ਹੈ, ਫਿਰ ਵੀ ਇਸ ਸੇਵਾ ਤਾਈਂ ਸਹੀ ਅਤੇ ਨਿਰਪੱਖ ਪਹੁੰਚ ਯਕੀਨੀ ਬਣਾਉਣ ਲਈ ਕਮਯੂਨਿਟੀ ਟ੍ਰਾਂਸਪੋਰਟ ਗਲਾਸਗੋ ਅਤੇ ਇਸਦੇ ਭਾਈਵਾਲ ਪਰਿਵਹਨ ਸੰਚਾਲਕਾਂ ਕੋਲ ਯੋਗਤਾ ਮਾਪਦੰਡ ਵਿੱਚ ਬਦਲਾਵ ਕਰਨ ਅਤੇ ਇਸਦੀ ਵਰਤੋਂ ਸੀਮਿਤ ਕਰਨ ਦਾ ਅਧਿਕਾਰ (ਐੱਨ ਐੱਚ ਐੱਸ ਜੀ ਜੀ ਸੀ ਦੇ ਸੰਜੋਗ ਨਾਲ) ਹੈ। ਇਸ ਵਿੱਚ ਦੂਰੀ, ਗਏ ਹੋਏ ਹਸਪਤਾਲਾਂ ਜਾਂ ਜਾਤਰੀਆਂ ਦੀ ਗਿਣਤੀ ਤੇ ਪਾਬੰਦੀ ਸ਼ਾਮਲ ਹੋ ਸਕਦੀ ਹੈ। ਯੋਗਤਾ ਮਾਪਦੰਡ ਵਿੱਚ ਕਿਸੇ ਵੀ ਬਦਲਾਵ ਬਾਰੇ ਬੁਕਿੰਗ ਵੇਲੇ ਸਾਫ ਤੌਰ ਤੇ ਦੱਸਿਆ ਜਾਵੇਗਾ।

## ਬੁਕਿੰਗ ਹਾੱਟਲਾਈਨ

# 0845 128 4027

ਜੇਕਰ ਤੁਹਾਨੂੰ ਅੰਗ੍ਰੇਜੀ ਬੋਲਣ ਵਿੱਚ ਅਸੁਵਿਧਾ ਹੁੰਦੀ ਹੈ ਤਾਂ ਕਿਰਪਾ ਕਰਕੇ ਟੇਲੀਫੋਨ ਤੇ ਆਪਣੀ ਥਾਂ ਕਿਸੇ ਹੋਰ ਨੂੰ ਗੱਲ ਕਰਨ ਲਈ ਕਹੋ

151602.indd 1 20/05/2010 19:39

# ਫ੍ਰੀ ਈਵਨਿੰਗ ਵਿਜ਼ੀਟਰ ਟ੍ਰਾਂਸਪੋਰਟ ਸਰਵਿਸ

## ਹਸਪਤਾਲੀ ਫੇਰਾ ਅਸਾਨ ਕੀਤਾ ਗਿਆ...

ਹਰ ਕੋਈ ਆਪਣੇ ਪਿਆਰੇ ਜਨਾਂ ਨੂੰ ਹਸਪਤਾਲ ਵਿੱਚ ਮਿਲਣ ਲਈ ਜਾਣਾ ਚਾਹੁੰਦਾ ਹੈ, ਲੇਕਿਨ ਕੁੱਝ ਲੋਕਾਂ ਲਈ ਇਹ ਅਸਾਨ ਨਹੀਂ ਹੁੰਦਾ ਹੈ।
ਈਵਨਿੰਗ ਵਿਜ਼ੀਟਰ ਟ੍ਰਾਂਸਪੋਰਟ ਸਰਵਿਸ ਹਸਪਤਾਲ ਵਿਖੇ ਸ਼ਾਮ ਦੀ ਮੁਲਾਕਾਤ ਲਈ **ਮੁਫ਼ਤ** ਪਰਿਵਹਨ ਸੇਵਾ ਪ੍ਰਦਾਨ ਕਰਕੇ ਮਦਦ ਕਰ ਸਕਦੀ ਹੈ।

ਈਵਨਿੰਗ ਵਿਜ਼ੀਟਰ ਟ੍ਰਾਂਸਪੋਰਟ ਸਰਵਿਸ :

- **ਮੁਫ਼ਤ ਹੈ**
- **ਘਰੋਂ-ਘਰ ਤਾਈਂ ਹੈ**
- **ਹਫਤਾਵਾਰੀ ਹੈ**(ਸੋਮਵਾਰ ਤੋਂ ਸ਼ੁੱਕਰਵਾਰ ਤਾਈਂ)
- **ਅਸਮਰੱਥਾਂ ਲਈ ਪੂਰੀ ਤਰ੍ਹਾਂ ਪਹੁੰਚਯੋਗ** ਬੱਸਾਂ ਪ੍ਰਦਾਨ ਕੀਤੀ ਜਾਂਦੀ ਹੈ
- **ਹਰਇੱਕ** ਲਈ ਜਿਹੜਾ ਕਿ ਹੇਠਾਂ ਲਿਖੇ ਸ਼ਹਿਰਾਂ ਦੇ ਅੰਤਰਗਤ ਰਹਿੰਦਾ ਹੈ ਉਨ੍ਹਾਂ ਲਈ ਇਹ ਸੇਵਾ ਉਪਲਬਧ ਹੈ :
  **ਗਲਾਸਗੋ ਸਿਟੀ, ਕੈਂਬਸਲੈਂਗ ਅਤੇ ਰਦਰਲੇਨ, ਰੇਨਫ੍ਰਿਉਸ਼ਿਅਰ ਅਤੇ ਈਸਟ ਡਨਬਾਰਟਨਸ਼ਿਅਰ**
- ਹੇਠਾਂ ਦਿੱਤੇ ਹਸਪਤਾਲਾਂ ਲਈ ਪਰਿਵਹਨ ਉਪਲਬਧ ਹੈ :
  **ਸਦਨ ਜਨਰਲ ਹਸਪਤਾਲ, ਸਟੋਬਹਿਲ ਹਸਪਤਾਲ, ਗਾਰਟਨੇਵਲ ਜਨਰਲ ਹਸਤਪਾਲ, ਵੈਸਟਨ ਇਨਫਰਮਰੀ, ਗਲਾਸਗੋ ਰਾੱਯਲ ਇਨਫਰਮਰੀ, ਵਿਕਟੋਰੀਆ ਇਨਫਰਮਰੀ, ਰਾੱਯਲ ਅਲੈਕਜੈਂਡਰਾ ਹਸਪਤਾਲ (ਪੇਇਸਲੇ)**

ਸਾਨੂੰ ਪਤਾ ਹੈ ਕਿ ਕੁੱਝ ਲੋਕਾਂ ਨੂੰ ਖਾਸਤੌਰ ਤੇ ਸ਼ਾਮ ਵੇਲੇ ਸਫ਼ਰ ਕਰਨ ਵਿੱਚ ਪਰੇਸ਼ਾਨੀ ਹੁੰਦੀ ਹੈ। ਇਸ ਲਈ ਅਸੀਂ ਉਨ੍ਹਾਂ ਨੂੰ ਤਰਜ਼ੀਹ ਦਿੰਦੇ ਹਨ ਜਿਹੜੇ ਕਿ ਹੇਠਾਂ ਲਿਖਿਆਂ ਤਾਈਂ ਸਫਰ ਕਰਨ ਦੀ ਇੱਛਾ ਰੱਖਦੇ ਹਨ :

- ਆਪਣੇ ਨੇੜਲੇ ਹਸਪਤਾਲ ਵਿਖੇ
- ਬਜੁਰਗ ਲੋਕਾਂ ਲਈ (60 ਸਾਲ ਦੀ ਉਮਰ ਤੋਂ ਵੱਧ)
- ਅਸਮਰੱਥ ਲੋਕਾਂ ਲਈ
- ਜਿਹੜੇ ਲਾਭ ਪ੍ਰਾਪਤ ਕਰ ਰਹੇ ਹਨ

## ਕਿਵੇਂ ਬੁਕਿੰਗ ਕਰੀਏ

ਬੁਕਿੰਗ ਹਾੱਟਲਾਈਨ **0845 128 4027** ਨੂੰ ਫੋਨ ਕਰੋ।

ਤੁਸੀਂ ਦੁਪਹਿਰ 1.00 ਤੋਂ ਸ਼ਾਮੀਂ 4.00 (ਸੋਮਵਾਰ ਤੋਂ ਵੀਰਵਾਰ ਤਾਈਂ) ਅਤੇ ਸ਼ੁੱਕਰਵਾਰ ਨੂੰ ਦੁਪਹਿਰ 1.00 ਤੋਂ ਸ਼ਾਮੀਂ 3.30 ਦੇ ਵਿਚਕਾਰ ਫੋਨ ਕਰ ਸਕਦੇ ਹੋ।

ਜੇਕਰ ਤੁਹਾਨੂੰ ਅੰਗ੍ਰੇਜੀ ਬੋਲਣ ਵਿੱਚ ਅਸੁਵਿਧਾ ਹੁੰਦੀ ਹੈ ਤਾਂ ਆਪਣੇ ਕਿਸੇ ਮਿੱਤਰ ਜਾਂ ਪਰਿਵਾਰਕ ਸਦੱਸ ਨੂੰ ਟੇਲੀਫੋਨ ਤੇ ਤੁਹਾਡੀ ਥਾਂ ਗੱਲ ਕਰਨ ਲਈ ਕਹੋ।

ਜਦੋਂ ਤੁਸੀਂ **0845 128 4027** ਤੇ ਫੋਨ ਕਰਦੇ ਹੋ ਤਾਂ ਤੁਹਾਨੂੰ ਸਾਨੂੰ ਇਹ ਦੱਸਣਾ ਪਵੇਗਾ ਕਿ ਤੁਸੀਂ ਕਿੱਥੇ ਰਹਿੰਦੇ ਹੋ, ਤੁਸੀਂ ਕਿਹੜੇ ਹਸਪਤਾਲ ਵਿਖੇ ਜਾਣਾ ਚਾਹੁੰਦੇ ਹੋ ਅਤੇ ਮੁਲਾਕਾਤੀ ਸਮਾਂ ਕਿੰਨੇ ਵਜੇ ਸ਼ੁਰੂ ਹੁੰਦਾ ਹੈ ਅਤੇ ਕਿੰਨੇ ਵਜੇ ਖਤਮ ਹੁੰਦਾ ਹੈ।

ਤੁਹਾਨੂੰ ਕੁੱਝ ਮੁੱਢਲੀ ਜਾਣਕਾਰੀ ਦੇਣ ਲਈ ਕਿਹਾ ਜਾਵੇਗਾ ਤਾਂਕੀ ਸਾਨੂੰ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲ ਸਕੇ ਕਿ ਜਿਨ੍ਹਾਂ ਨੂੰ ਇਸ ਸੇਵਾ ਦੀ ਵਾਕਈ ਲੋੜ ਹੈ ਉਨ੍ਹਾਂ ਨੂੰ ਤਰਜ਼ੀਰ ਦਿੱਤੀ ਜਾਵੇ। ਤੁਹਾਡੀ ਸਾਰੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।

ਤੁਹਾਨੂੰ ਕਿਸ ਥਾਂ ਤੋਂ ਲਿਆ ਜਾਵੇ ਇਸਦੀ ਪੁਸ਼ਟੀ ਟੇਲੀਫੋਨ ਕਾੱਲ ਦੇ ਅਖੀਰ ਵਿੱਚ ਕੀਤੀ ਜਾਵੇਗੀ।

ਤੁਹਾਨੂੰ ਤੁਹਾਡੇ ਦਰਵਾਜੇ ਤੋਂ ਜਿੰਨਾ ਨੇੜੇ ਹੋ ਸਕੇਗਾ ਉਥੋਂ ਲਿਆ ਜਾਵੇਗਾ।

ਬਸ਼ਰਤੇ ਕਿ ਤੁਸੀਂ ਆਪਣੇ ਸੱਭਤੋਂ ਨੇੜਲੇ ਹਸਪਤਾਲ ਵਿਖੇ ਜਾ ਰਹੇ ਹੋ, ਤੁਸੀਂ ਇੱਕ ਹਫ਼ਤਾ ਪਹਿਲਾਂ ਤਾਈਂ ਪਰਿਵਹਨ ਬੁੱਕ ਕਰ ਸਕਦੇ ਹੋ।

